ਬਰਾਈਟ ਸਪਾਰਕਸ ਸਕੂਲ 'ਚ ਗੁਰਪੁਰਬ ਦਾ ਸਮਾਗਮ ਅਮਿਟ ਪੈੜਾਂ ਛਡਦਾ ਸਮਾਪਤ

ਅਜੀਤਗੜ੍ਹ, 21 ਨਵੰਬਰ (ਸਤਵਿੰਦਰ ਸਿੰਘ ਧੜਾਕ): ਇਥੋਂ ਦੇ ਫ਼ੇਜ਼-11 ਵਿਚ ਬਰਾਈਟਸ ਸਪਾਰਕਸ ਚੈਰੀਟੇਬਲ ਟਰੱਸਟ ਵਲੋਂ, 13 ਸਾਲ ਤੋਂ, ਬਾਲ ਮਜ਼ਦੂਰੀ ਵਿਰੁਧ ਲੜੀ ਜਾ ਰਹੀ ਜੰਗ ਅਪਣੀ ਚਰਮ ਸੀਮਾ 'ਤੇ ਹੈ। ਨੰਨ੍ਹੇ-ਮੁੰਨੇ ਬੱਚਿਆਂ ਦੇ ਕੋਮਲ ਹੱਥਾਂ ਵਿਚੋਂ ਜੂਠੇ ਭਾਂਡਿਆਂ ਦੀ ਥਾਂ, ਕਿਤਾਬਾਂ ਦੇਣ ਦਾ ਉਪਾਰਲਾ, ਹਰ ਰੋਜ਼ ਨਵੀਆਂ ਮੰਜ਼ਲਾਂ ਸਰ ਕਰਦਾ ਜਾ ਰਿਹਾ ਹੈ। ਕੌਣ ਜਾਣਦਾ ਸੀ ਕਿ 1 ਗ਼ਰੀਬ ਪ੍ਰਵਾਰ ਦੇ ਲੜਕੇ ਰਾਜੂ ਦੇ ਹੱਥਾਂ ਵਿਚੋਂ ਝਾੜੂ ਖੋਹ ਕੇ ਕਿਤਾਬ ਫੜਾਉਣ ਦਾ ਇਹ ਸੁਪਨਾ 120 ਬੱਚਿਆਂ ਦੀ ਜ਼ਿੰਦਗੀ ਵਿਚ ਚਾਨਣਾ ਬਿਖੇਰ ਦੇਵੇਗਾ। ਪਰ ਹੋਇਆ ਬਿਲਕੁਲ ਇਸੇ ਤਰ੍ਹਾਂ। ਆਮ ਲੋਕਾਂ ਦੇ ਮਨ ਵਿਚ ਸ਼ਾਇਦ ਇਹ ਹੋਵੇਗਾ ਕਿ ਇਹ ਸੱਭ ਕੁੱਝ ਇਕ ਦਿਨ ਵਿਚ ਹੀ ਵਾਪਰ ਗਿਆ ਪਰ ਇਸ ਦੇ ਪਿੱਛੇ ਇਕ ਲਗਨ, ਮਿਹਨਤ ਅਤੇ ਦ੍ਰਿੜ੍ਹ ਇਰਾਦਾ ਛੁਪਿਆ ਹੋਇਆ ਹੈ। ਟਰੱਸਟੀ ਬੀਬੀ ਨਿਮਰਤ ਕੌਰ ਦੀ ਇਸ ਮਿਹਨਤ ਨੇ ਅੱਜ ਇਸ ਉਪਰਾਲੇ ਨੂੰ ਇਕ ਸਕੂਲ ਦੀ ਸ਼ਕਲ ਵਿਚ ਲਿਆ ਖੜਾ ਕਰ ਦਿਤਾ ਹੈ ਜਿਸ ਵਿਚ ਕਿਸੇ ਦਾ ਯੋਗਦਾਨ ਨਹੀਂ। ਸਿਰਫ਼ ਅਤੇ ਸਿਰਫ਼, ਅਪਣੀ ਕਮਾਈ ਵਿਚੋਂ ਹੀ ਤਿਲ-ਫੁਲ ਜੋੜ ਕੇ ਇਨ੍ਹਾਂ ਬੱਚਿਆਂ ਦੀ ਪੜ੍ਹਾਈ ਲਈ ਲਗਾਇਆ ਜਾ ਰਿਹਾ ਹੈ।

ਬਰਾਈਟ ਸਪਾਰਕ ਸਕੂਲ ਦੇ ਇਨ੍ਹਾਂ ਵਿਦਿਆਰਥੀਆਂ ਨੇ ਅੱਜ ਗੁਰੂ ਨਾਨਕ ਸਾਹਿਬ ਦਾ ਗੁਰਪੁਰਬ ਸ਼ਰਧਾ ਨਾਲ ਮਨਾਇਆ ਅਤੇ ਇਸ ਪ੍ਰਭਾਵਸ਼ਾਲੀ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਤੋਂ ਸਾਂਸਦ ਸ. ਰਵਨੀਤ ਸਿੰਘ ਬਿੱਟੂ, ਡਿਪਟੀ ਕਮਿਸ਼ਨਰ ਮੋਹਾਲੀ ਸ. ਤੇਜਿੰਦਰਪਾਲ ਸਿੰਘ ਸਿੱਧੂ, ਹਲਕਾ ਵਿਧਾਇਕ ਸ. ਬਲਬੀਰ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਦੀ ਜਨਰਲ ਸਕੱਤਰ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਤੋਂ ਇਲਾਵਾ ਸਮਾਜਕ ਖੇਤਰ ਦੀਆਂ ਪ੍ਰਮੁਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਰਸਮੀ ਆਗਾਜ਼, ਸਕੂਲ ਦੇ ਅਧਿਆਪਕਾਂ ਵਲੋਂ, ਹਾਜ਼ਰੀਨ ਨੂੰ ਜੀਅ ਆਇਆਂ ਕਹਿਣ ਤੋਂ ਬਾਅਦ ਹੋਈ। ਸ਼ੁਰੂਆਤ ਵਿਚ ਯੂ. ਕੇ. ਜੀ. ਕਲਾਸ ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ "ਹੈਪੀ ਡੇਜ਼ ਐਂਡ ਵਲਕਮ" ਡਾਂਸ ਆਈਟਮ ਪੇਸ਼ ਕਰ ਕੇ ਸਰੋਤਿਆਂ ਨੂੰ ਝੂਮਣ ਲਈ ਮਜਬੂਰ ਕਰ ਦਿਤਾ। ਉਪ੍ਰੰਤ ਵੱਖ-ਵੱਖ ਵਿਦਿਆਰਥੀਆਂ ਨੇ ਗੁਰੂ ਨਾਨਕ ਸਾਹਿਬ ਦੀ ਜੀਵਨੀ ਅਤੇ ਸਿਖਿਆਵਾਂ ਬਾਰੇ ਭਾਸ਼ਨ ਦਿਤਾ। ਪ੍ਰਵਾਸੀਆਂ ਦੇ ਬੱਚਿਆਂ ਪਾਸੋਂ ਪੰਜਾਬੀ ਭਾਸ਼ਾ ਅਤੇ ਗੁਰਬਾਣੀ-ਗਿਆਨ ਦੀਆਂ ਗੱਲਾਂ ਸੁਣ ਕੇ ਹਾਜ਼ਰੀਨ ਵਾਹ-ਵਾਹ ਕਰ ਉਠੇ। ਬੱਚਿਆਂ ਨੇ ਗੁਰਬਾਣੀ ਸ਼ਬਦਾਂ ਦਾ ਗਾਇਨ ਕਰ ਕੇ ਗੁਰੂ ਸਾਹਿਬ ਦੇ ਆਗਮਨ ਪੁਰਬ ਨਾਲ ਸਬੰਧਤ ਇਸ ਪ੍ਰਗਰਾਮ ਨੂੰ ਯਾਦਗਾਰੀ ਬਣਾ ਦਿਤਾ।

ਸਕੂਲ ਦੇ ਬੱਚਿਆਂ ਨਾਲ ਯਾਦਗਾਰੀ ਤਸਵੀਰ ਖਿਚਾਉਂਦੇ ਪ੍ਰਬੰਧਕ ਅਤੇ ਮਹਿਮਾਨ। ਫ਼ੋਟੋ : ਵਰਿੰਦਰਜੀਤ

ਬਾਬੇ ਨਾਨਕ ਦੀ ਮਿਹਰ ਸਦਕਾ ਇਸ ਮੁਕਾਮ 'ਤੇ ਪੁੱਜੇ : ਨਿਮਰਤ ਕੌਰ

ਇਸ ਮੌਕੇ ਸਕੂਲ ਦੀਆਂ ਸਰਗਰਮੀਆਂ ਅਤੇ ਟਰੱਸਟ ਬਾਰੇ ਜਾਣਕਾਰੀ ਦਿੰਦਿਆਂ 'ਰੋਜ਼ਾਨਾ ਸਪੋਕਸਮੈਨ' ਦੇ ਐਸੋਸੀਏਟ ਐਡੀਟਰ ਅਤੇ ਬਰਾਈਟ ਸਪਾਰਕ ਟਰੱਸਟ ਦੇ ਟਰਸਟੀ ਬੀਬੀ ਨਿਮਰਤ ਕੌਰ ਨੇ ਦਸਿਆ ਕਿ ਸਾਡਾ ਸੱਭ ਤੋਂ ਪਹਿਲਾ ਉਪਰਾਲਾ 1 ਬੱਚੇ ਨੂੰ ਵਿਦਿਆ ਦੇਣ ਦਾ ਸੀ, ਉਸ ਤੋਂ ਬਾਅਦ ਇਹ ਗਿਣਤੀ 5 ਹੋ ਗਈ। ਕਦੋਂ ਇਹ ਗਿਣਤੀ 120 ਤਕ ਪੁੱਜ ਗਈ, ਇਸ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਪਰ ਬਾਬੇ ਨਾਨਕ ਅਤੇ 'ਰੋਜ਼ਾਨਾ ਸਪੋਕਸਮੈਨ' ਨੇ ਹਮੇਸ਼ਾ ਮੇਰਾ ਸਾਥ ਦਿਤਾ ਅਤੇ ਮਹਿਗਾਈ ਦੇ ਇਸ ਦੌਰ ਵਿਚ ਇਨ੍ਹਾਂ ਬੱਚਿਆਂ ਦੀ ਪੜ੍ਹਾਈ, ਵਰਦੀਆਂ ਅਤੇ ਹੋਰ ਖ਼ਰਚਾ ਚੁਕਣ ਦੇ ਕਾਬਲ ਬਣਾਇਆ। ਬੀਬੀ ਨਿਮਰਤ ਕੌਰ ਨੇ ਦਸਿਆ ਕਿ ਆਉਣ ਵਾਲੇ ਦਿਨਾਂ ਵਿਚ ਇਹ ਲਹਿਰ ਹੋਰ ਤੇਜ਼ ਕਰਾਂਗੇ ਅਤੇ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਪ੍ਰੇਰਿਤ ਕਰਾਂਗੇ।

ਉਨ੍ਹਾਂ ਪਿਛੋਕੜ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਪਹਿਲਾਂ-ਪਹਿਲ ਅਸੀ ਝੁੱਗੀਆਂ ਵਿਚ ਜਾ ਕੇ ਬੱਚਿਆਂ ਨੂੰ ਇਕੱਠੇ ਕਰਦੇ ਸਾਂ ਪਰ ਬੱਚਿਆਂ ਦੇ ਘਰ ਵਾਲਿਆਂ ਦਾ ਸਹਿਯੋਗ ਨਾ ਮਿਲਣ ਕਾਰਨ, ਉਹ ਬੱਚੇ, ਕੁੱਝ ਦਿਨਾਂ ਬਾਅਦ ਹੀ ਹੱਟ ਜਾਂਦੇ ਸਨ ਪਰ ਅਸੀ ਹਿੰਮਤ ਨਾ ਹਾਰੀ ਅਤੇ ਸੱਚੀ ਮਿਹਨਤ ਦੀ ਜਿੱਤ ਹੋਈ। ਉਨ੍ਹਾਂ ਕਿਹਾ ਕਿ ਸਾਡੀ ਸਫ਼ਲਤਾ ਪਿੱਛੇ ਅਧਿਆਪਕਾਂ ਦਾ ਵੀ ਵੱਡਾ ਹੱਥ ਹੈ ਜੋ ਕਿ ਬੱਚਿਆਂ ਨੂੰ ਬੜੀ ਸ਼ਿੱਦਤ ਨਾਲ ਪੜ੍ਹਾਉਂਦੇ ਹਨ ਅਤੇ ਖ਼ਾਸ ਕਰ ਜਿਹੜੇ ਬੱਚਿਆਂ ਦੀ ਮਾਤ ਭਾਸ਼ਾ ਪੰਜਾਬੀ ਨਹੀਂ ਹੈ, ਉਨ੍ਹਾਂ ਨੂੰ ਪੰਜਾਬੀ ਦਾ ਗਿਆਨ ਹਾਸਲ ਕਰਵਾਉਣਾ ਸਚਮੁਚ ਵੱਡੀ ਗੱਲ ਹੈ।

ਬੀਬੀ ਨਿਮਰਤ ਨੇ ਅੱਜ ਤਿੰਨਾਂ ਮਾਵਾਂ ਦਾ ਫ਼ਰਜ਼ ਪੂਰਾ ਕੀਤਾ ਹੈ : ਅਮਨਜੋਤ ਕੌਰ ਰਾਮੂਵਾਲੀਆ

"120 ਗ਼ਰੀਬ ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਚੁਕਣਾ ਕੋਈ ਆਮ ਗੱਲ ਨਹੀਂ। ਮਹਿੰਗਾਈ ਦੇ ਇਸ ਯੁਗ ਵਿਚ ਬੱਚਿਆਂ ਨੂੰ ਵਧੀਆ ਸਿਖਿਆ ਦੇਣਾ ਇਕ ਮਹਾਨ ਕਾਰਜ ਹੈ। ਅਜਿਹਾ ਕਰ ਕੇ ਬੀਬੀ ਨਿਮਰਤ ਕੌਰ ਨੇ ਤਿੰਨਾਂ ਮਾਵਾਂ- ਧਰਤੀ ਮਾਤਾ, ਜਗਤ ਮਾਤਾ ਅਤੇ ਵਿਦਿਆ ਮਾਤਾ ਦਾ ਫ਼ਰਜ਼ ਅਦਾ ਕੀਤਾ ਹੈ, ਇਸ ਲਈ ਸ਼੍ਰੋਮਣੀ ਅਕਾਲੀ ਦਲ, ਉਨ੍ਹਾਂ ਦੀ ਮਿਹਨਤ ਅਤੇ ਲਗਨ ਦਾ ਸਤਿਕਾਰ ਕਰਦਾ ਹੈ। ਇਸ ਮੌਕੇ ਉਨ੍ਹਾਂ ਸਕੂਲ ਦੀ ਬਿਹਤਰੀ ਲਈ ਨਕਦ ਰਕਮ ਵੀ ਭੇਂਟ ਕੀਤੀ ਅਤੇ ਅਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ। ਬੀਬੀ ਰਾਮੂਵਾਲੀਆ ਨੇ ਕਿਹਾ ਕਿ ਬੱਚਿਆਂ ਵਿਚ ਗਿਆਨ ਦਾ ਵਾਧਾ ਕਰਨ ਲਈ ਜਿਹੜੇ ਕਾਰਜ ਇਸ ਸਕੂਲ ਵਿਚ ਕੀਤੇ ਜਾ ਰਹੇ ਹਨ, ਉਨ੍ਹਾਂ ਸਾਹਮਣੇ ਵੱਡੇ-ਵੱਡੇ ਬੈਨਰਾਂ ਹੇਠ ਖੁਲ੍ਹੀਆਂ ਦੁਕਾਨਾਂ ਫ਼ੇਲ੍ਹ ਨਜ਼ਰ ਆਉਂਦੀਆਂ ਹਨ। ਇਸ ਮੌਕੇ ਦੇਸ਼ ਭਗਤ ਯੂਨੀਵਰਸਟੀ ਦੇ ਪ੍ਰੋ. ਚਾਂਸਲਰ ਬੀਬੀ ਤੇਜਿੰਦਰ ਕੌਰ ਨੇ ਵੀ ਟਰਸਟੀ ਬੀਬੀ ਨਿਮਰਤ ਕੌਰ ਨੂੰ ਵਧਾਈ ਦਿਤੀ ਅਤੇ ਵਿਦਿਆਰਥੀਆਂ ਪੜ੍ਹੋ ਅਤੇ ਅੱਗੇ ਵਧੋ ਦਾ ਸੰਦੇਸ਼ ਦਿਤਾ।

ਜਿਹੜੀਆਂ ਕੌਮਾਂ ਦੇ ਵਾਰਸ ਪੜ੍ਹੇ-ਲਿਖੇ ਹੁੰਦੇ ਹਨ, ਉਹੀ ਕੌਮਾਂ ਤਰੱਕੀ ਕਰਦੀਆਂ ਹਨ : ਡੀ.ਸੀ. ਤੇਜਿੰਦਰਪਾਲ ਸਿੰਘ ਸਿੱਧੂ

ਇਸ ਮੌਕੇ ਅਜੀਤਗੜ੍ਹ ਦੇ ਡਿਪਟੀ ਕਮਿਸ਼ਨਰ ਸ. ਤੇਜਿੰਦਰ ਪਾਲ ਸਿੰਘ ਸਿੱਧੂ ਨੇ ਟਰਸਟੀ ਬੀਬੀ ਨਿਮਰਤ ਕੌਰ ਨੂੰ ਇਸ ਨੇਕ ਕੰਮ ਲਈ ਵਧਾਈ ਦਿਤੀ ਅਤੇ ਕਿਹਾ ਕਿ ਕੋਈ ਵੀ ਕੌਮ ਉਦੋਂ ਤਕ ਤਰੱਕੀ ਨਹੀਂ ਕਰ ਸਕਦੀ ਜਦੋਂ ਤਕ ਉਸ ਦੇ ਬੱਚੇ ਵਿਦਿਆ ਗ੍ਰਹਿਣ ਨਹੀਂ ਕਰਦੇ। ਬ੍ਰਾਈਟ ਸਪਾਰਕ ਚੈਰੀਟੇਬਲ ਟਰੱਸਟ ਅਤੇ ਬੀਬੀ ਨਿਮਰਤ ਕੌਰ ਵਲੋਂ ਗ਼ਰੀਬ ਬੱਚਿਆਂ ਨੂੰ ਵਿਦਿਆ ਦਾ ਮੁਫ਼ਤ ਦਾਨ ਦੇ ਕੇ ਉਨ੍ਹਾ ਦਾ ਭਵਿੱਖ ਸਿਰਜਣਾ ਮਾਨਵਤਾ ਦੀ ਸੱਚੀ ਸੇਵਾ ਹੈ। ਉਨ੍ਹਾ ਕਿਹਾ ਕਿ ਐਨੇ ਬੱਚਿਆਂ ਨੂੰ ਮੁਫ਼ਤ ਵਿਦਿਆ ਪ੍ਰਦਾਨ ਕਰਨਾ ਕੋਈ ਸੌਖੀ ਗੱਲ ਨਹੀਂ, ਇਸ ਲਈ ਉਹ ਟਰੱਸਟ ਦੇ ਇਸ ਕਾਰਜ ਦੀ ਸ਼ਲਾਘਾ ਕਰਦੇ ਹਨ । ਉਨ੍ਹਾਂ ਕਿਹਾ ਕਿ ਪ੍ਰਸ਼ਾਸਨ, ਟਰੱਸਟ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅੱਜ ਦੇ ਯੁਗ ਵਿਚ ਜਿਥੇ ਨੌਜੁਆਨ ਪੀੜ੍ਹੀ ਕੁਰਹਿਤਾਂ ਦਾ ਸ਼ਿਕਾਰ ਹੁੰਦੀ ਜਾ ਰਹੀ ਹੈ, ਇਸ ਸਕੂਲ ਵਿਚ ਬੱਚਿਆਂ ਨੂੰ ਵਿਦਿਆ ਦੇ ਨਾਲ-ਨਾਲ ਗੁਰਬਾਣੀ ਅਤੇ ਮਿਹਨਤ ਦਾ ਪਾਠ ਪੜ੍ਹਾ ਕੇ ਜੀਵਨ ਦੀ ਸਹੀ ਜਾਚ ਸਿਖਾਈ ਜਾ ਰਹੀ ਹੈ।

ਪ੍ਰੋਗਰਾਮ [illegible] ਹੋਏ ਬੱਚੇ। ਫ਼ੋਟੋ : ਵਰਿੰਦਰਜੀਤ

ਨਿਮਰਤ ਕੌਰ ਵਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜੀ ਹੈ। ਸੱਭ ਤੋਂ ਵੱਧ ਖ਼ੁਸ਼ੀ ਇਹ ਵੇਖ ਕੇ ਹੋਈ ਕਿ ਪ੍ਰਵਾਸੀਆਂ ਦੇ ਬੱਚੇ ਮਾਂ ਬੋਲੀ ਪੰਜਾਬੀ ਵਿਚ ਪ੍ਰੋਗਰਾਮ ਪੇਸ਼ ਕਰ ਰਹੇ ਸਨ। ਮਾਂ ਬੋਲੀ ਦੀ ਸੇਵਾ ਕਰਨ ਦਾ ਸ਼ਾਇਦ ਇਸ ਤੋਂ ਵਧੀਆ ਉਪਰਾਲਾ ਹੋਰ ਕੋਈ ਨਹੀਂ ਹੋ ਸਕਦਾ। ਇਸ ਸੱਭ ਲਈ ਸਪੋਕਸਮੈਨ ਪ੍ਰਵਾਰ ਅਤੇ ਨਿਮਰਤ ਕੌਰ ਵਧਾਈ ਦੀ ਪਾਤਰ ਹੈ।

ਰਿਪਨਦੀਪ ਕੌਰ, ਮਾਲਕਣ, ਕੋਲਾਂਗ ਹੋਟਲ, ਲੁਧਿਆਣਾ

ਬਿੱਟੂ ਵਲੋਂ ਸਕੂਲ ਲਈ ਦੋ ਲੱਖ ਦੀ ਗ੍ਰਾਂਟ ਦੇਣ ਦਾ ਐਲਾਨ

ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਪੁਜੇ ਸ੍ਰੀ ਅਨੰਦਪੁਰ ਸਾਹਿਬ ਤੋਂ ਸਾਂਸਦ ਸ. ਰਵਨੀਤ ਸਿੰਘ ਬਿੱਟੂ ਨੇ ਵਿਦਿਆਰਥੀਆਂ ਦੀ ਕੁਸ਼ਲਤਾ ਅਤੇ ਉਨ੍ਹਾਂ ਦੀ ਉੱਚ ਪਧਰੀ ਮਾਨਸਕਤਾ ਲਈ ਅਧਿਆਪਕਾਂ ਅਤੇ ਟਰਸਟੀ ਬੀਬੀ ਨਿਮਰਤ ਕੌਰ ਨੂੰ ਵਧਾਈ ਦਿਤੀ। ਅਪਣੇ ਸੰਬੋਧਨ ਵਿਚ ਬਿੱਟੂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਇਸ ਸਕੂਲ ਵਿਚ ਪ੍ਰਦਾਨ ਕੀਤੀ ਜਾ ਰਹੀ ਵਿਦਿਆ ਅਤੇ ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਗੁਰਬਾਣੀ ਦੀ ਸਿਖਲਾਈ ਦੇਣ ਦਾ ਉਪਾਰਾਲਾ ਟਰੱਸਟ ਦਾ ਇਕ ਮਹਾਨ ਕਾਰਜ ਹੈ ਜਿਸ ਲਈ ਪੂਰਾ ਸਪੋਕਸਮੈਨ ਪ੍ਰਵਾਰ ਵਧਾਈ ਦਾ ਪਾਤਰ ਹੈ। ਇਸ ਮੌਕੇ ਸ. ਬਿੱਟੂ ਨੇ, ਟਰੱਸਟ ਅਤੇ ਵਿਦਿਆਰਥੀਆਂ ਦੀ ਬਿਹਤਰ ਸਿਖਿਆ ਲਈ 2 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਉਨ੍ਹਾਂ ਸਰਕਾਰ ਤੋਂ ਵੀ ਪੁਰਜ਼ੋਰ ਮੰਗ ਕੀਤੀ ਕਿ ਬਰਾਈਟ ਸਪਾਰਕ ਸਕੂਲ ਲਈ ਜਗ੍ਹਾ ਦੇਵੇ ਤਾਕਿ ਇਸ ਸਕੂਲ ਨੂੰ ਵਧਣ ਫੁਲਣ ਦਾ ਮੌਕਾ ਮਿਲ ਸਕੇ ਅਤੇ ਗ਼ਰੀਬ ਲੋਕਾ ਦੇ ਬੱਚੇ ਵੀ ਪੜ੍ਹ-ਲਿਖ ਕੇ ਅੱਗੇ ਵਧ ਸਕਣ। ਉਨ੍ਹਾਂ ਕਿਹਾ ਕਿ ਅੱਜ ਦੇ ਯੁਗ ਵਿਚ ਪੜ੍ਹਾਈ ਦੇ ਨਾਮ 'ਤੇ ਖੁਲ੍ਹੀਆਂ ਦੁਕਾਨਾਂ ਬੱਚਿਆਂ ਨੂੰ ਗੁਰਬਾਣੀ ਅਤੇ ਪੰਜਾਬੀ ਭਾਸ਼ਾ ਤੋਂ ਦੂਰ ਕਰਦੀਆਂ ਜਾ ਰਹੀਆਂ ਹਨ ਪਰ ਇਸ ਸਕੂਲ ਵਿਚ ਉਨ੍ਹਾਂ ਬੱਚਿਆਂ ਦੀ ਜ਼ਿੰਦਗੀ ਬਦਲੀ ਜਾ ਰਹੀ ਹੈ ਜਿਨ੍ਹਾਂ ਨੇ ਪੜ੍ਹਾਈ ਦਾ ਕਦੇ ਸੁਪਨਾ ਵੀ ਨਹੀਂ ਵੇਖਿਆ ਸੀ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਸਰਕਾਰ ਇਨ੍ਹਾਂ ਬੱਚਿਆਂ ਦੀ ਸਹਾਇਤਾ ਕਰਨ ਲਈ ਮੁਫ਼ਤ ਜ਼ਮੀਨ ਦਿੰਦੀ ਹੈ ਤਾਂ ਉਹ ਅਪਣੇ ਫ਼ੰਡ ਵਿਚੋਂ ਸਕੂਲ ਦੀ ਇਮਾਰਤ ਬਣਾਉਣ ਲਈ 5 ਲੱਖ

[illegible] ਬਿੱਟੂ ਦਾ ਸੁਆਗਤ ਕਰਦੇ ਹੋਏ ਬੀਬੀ ਨਿਮਰਤ ਕੌਰ

ਸਿਪਲ ਕੌਰ, ਡਿਜ਼ਾਇਨਰ ਜਿਨ੍ਹਾਂ ਨੇ ਬਰਾਈਟ ਸਪਾਰਕਸ ਸਕੂਲ ਦੀਆਂ ਵਿਦਿਆਰਥਣਾਂ ਨੂੰ ਅਪਣੇ ਖ਼ਰਚੇ 'ਤੇ ਵੋਕੇਸ਼ਨਲ ਟ੍ਰੇਨਿੰਗ ਦੇਣ ਦਾ ਜ਼ਿੰਮਾ ਲਿਆ ਹੋਇਆ ਹੈ, ਨੂੰ ਵੀ ਇਸ ਮੌਕੇ ਸਨਮਾਨਤ ਕੀਤਾ ਗਿਆ।

ਜਿਹੜਾ ਕੰਮ ਸ਼੍ਰੋਮਣੀ ਕਮੇਟੀ ਨੂੰ ਕਰਨਾ ਚਾਹੀਦਾ ਸੀ, ਉਹ ਨਿਮਰਤ ਕੌਰ ਕਰ ਰਹੀ ਹੈ : ਬਲਬੀਰ ਸਿੰਘ ਸਿੱਧੂ

ਮੋਹਾਲੀ ਦੇ ਵਿਧਾਇਕ ਸ. ਬਲਬੀਰ ਸਿੰਘ ਸਿੱਧੂ ਅਤੇ ਡੀ.ਸੀ. ਸ. ਤਜਿੰਦਰਪਾਲ ਸਿੰਘ ਸਿੱਧੂ ਸਮਾਗਮ ਦਾ ਆਨੰਦ ਮਾਣਦੇ ਹੋਏ। ਫ਼ੋਟੋ : ਵਰਿੰਦਰਜੀਤ

ਇਸ ਮੌਕੇ ਹਲਕਾ ਵਿਧਾਇਕ ਸ. ਬਲਬੀਰ ਸਿੰਘ ਸਿੱਧੂ ਨੇ ਪ੍ਰੋਗਰਾਮ ਵਿਚ ਬੱਚਿਆਂ ਨਾਲ ਖ਼ੁਸ਼ੀਆਂ ਸਾਂਝੀਆਂ ਕਰਨ ਲਈ 'ਰੋਜ਼ਾਨਾ ਸਪੋਕਸਮੈਨ' ਦੇ ਐਮ. ਡੀ. ਬੀਬੀ ਜਗਜੀਤ ਕੌਰ ਨੂੰ ਬਾਲ ਮਜ਼ਦੂਰੀ ਖ਼ਤਮ ਕਰਨ ਅਤੇ ਬੱਚਿਆਂ ਨੂੰ ਮੁਫ਼ਤ ਵਿਦਿਆ ਪ੍ਰਦਾਨ ਕਰਨ ਵਿਚ

ਇਕ ਸੱਚੇ ਸਿੱਖ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਗਮਾਡਾ ਵਲੋਂ ਮੋਹਾਲੀ ਵਿਚ ਕਾਫ਼ੀ ਜ਼ਮੀਨ ਐਕਵਾਇਰ ਕੀਤੀ ਗਈ ਹੈ, ਇਸ ਲਈ ਜੇਕਰ ਇਸ ਸਕੂਲ ਲਈ ਸਰਕਾਰ ਜ਼ਮੀਨ ਦੇਵੇ ਤਾਂ ਇਨ੍ਹਾਂ ਬੱਚਿਆਂ ਦੀ ਪੜ੍ਹਾਈ ਹੋਰ ਬਿਹਤਰ ਤਰੀਕੇ ਨਾਲ ਹੋ ਸਕਦੀ ਹੈ। ਉਨ੍ਹਾਂ